ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।
website: www.dtepunjab.gov.in, e-mail: dit_trg@yahoo.in
Fax: 2614622, Phone: 5022301, 5022367, 5022364, 5022357

ਟ੍ਰੇਨਿੰਗ ਸ਼ਾਖਾ ਮੀਮੋ ਨੰ:ਆਈਟੀ/ਟ੍ਰੇ/3/ਦਾਖਲਾ ਸਲਿੱਪ/16245-16541 ਮਿਤੀ:- 23^12^11

ਸੇਵਾ ਵਿਖੇ,

ਰਾਜ ਅਧੀਨ ਸਾਰੀਆਂ **ਗੈਰ-ਸਰਕਾਰੀ** ਕੇਂਦਰਾਂ ਦੇ ਮੁੱਖੀ।

ਵਿਸ਼ਾ:- ਸਰਕਾਰੀ ਅਤੇ ਗੈਰ ਸਰਕਾਰੀ ਕੇਂਦਰਾਂ ਵਿਚ ਸੈਸ਼ਨ 2011/ ਫਰਵਰੀ 2012 ਲਈ CS&ETTC ਅਤੇ ਛੇ ਮਹੀਨੇ ਦੇ ਕੋਰਸ ਕਰਾਫਟਸਮੈਨ ਸਕੀਮ ਅਧੀਨ ਦਾਖਲੇ ਲਈ ਦਾਖਲਾ ਸਲਿੱਪ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿੰਨਾਂ ਕੇਂਦਰਾਂ ਵਲੋਂ ਵਿਸ਼ੇ ਅਧੀਨ ਕੋਰਸਾਂ ਦੇ ਦਾਖਲੇ ਕੀਤੇ ਜਾਣੇ ਹਨ (ਜਿੰਨਾਂ ਟਰੇਡਾਂ ਦੀ ਰਾਜ ਸਰਕਾਰ/ ਭਾਰਤ ਸਰਕਾਰ ਵਲੋਂ ਐਫੀਲੇਸ਼ਨ ਦਿੱਤੀ ਗਈ ਹੈ), ਬਾਰੇ ਇਸ ਪੱਤਰ ਨਾਲ ਸਵੈ ਘੋਸ਼ਨਾ ਪੱਤਰ ਦਾ ਨਮੂਨਾ ਨੱਥੀ ਕੀਤਾ ਜਾਂਦਾ ਹੈ। ਇਹ ਸਵੈ ਘੋਸ਼ਨਾ ਪੱਤਰ ਮਿਤੀ 15-01-2011 ਤੋਂ ਪਹਿਲਾਂ-ਪਹਿਲਾਂ ਪੇਸ਼ ਕਰਕੇ ਦਾਖਲਾ ਸਲਿੱਪ ਪ੍ਰਾਪਤ ਕੀਤੀ ਜਾਵੇ।

ਨੱਥੀ: ਇਕ

ਉਪ ਡਾਇਰੈਕਟਰ (ਟ੍ਰੇਨਿੰਗ)

ਪਿੱਠ ਅੰਕਣ ਨੰ: ਆਈਟੀ/ਟ੍ਰੇ/3/ਦਾਖਲਾ ਸਲਿੱਪ/ 1542-16653 ਮਿਤੀ: 23-12-11

ਉਪਰੋਕਤ ਦਾ ਉਤਾਰਾ ਸਾਰੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੀ ਸੰਸਥਾ ਵਿਚ ਜਿੰਨਾਂ ਗੈਰ-ਸਰਕਾਰੀ ਕੇਂਦਰਾਂ ਦਾ ਦਾਖਲਾ ਕੀਤਾ ਜਾਣਾ ਹੈ, ਉਨਾਂ ਕੇਂਦਰਾਂ ਤੋਂ ਵਿਭਾਗ ਵਲੋਂ ਜਾਰੀ ਦਾਖਲਾ ਸਲਿੱਪ ਪ੍ਰਾਪਤ ਕੀਤੇ ਬਿਨਾਂ, ਦਾਖਲਾ ਨਾ ਕੀਤਾ ਜਾਵੇ।

ਉਪ ਡਾਇਰੈਕਟਰ (ਟ੍ਰੇਨਿੰਗ)

# <u>ਸਵੈ ਘੋਸ਼ਣਾ/ ਵਚਨ ਬੱਧਤਾ</u>

ਮੈਂ.................................... ਸਪੁੱਤਰ/ ਸਪੁੱਤਰੀ ਸ੍ਰੀ ......................................... ਚੇਅਰਮੈਨ ........................................................................... (ਸੋਸਾਇਟੀ ਰਜਿਸ਼ਟਰਡ)/ ਪ੍ਰਿੰਸੀਪਲ, .......................................ਕੇਂਦਰ, .....................................................(ਪੂਰਾ ਪਤਾ, ਫੋਨ ਨੰ, ਮੋਬਾਇਲ ਨੰ, ਈ-ਮੇਲ ਆਈਡੀ) ਹੇਠ ਦਰਸਾਏ ਅਨੁਸਾਰ ਵਚਨ ਬੱਧਤਾ ਪੇਸ਼ ਕਰਦਾ ਹਾਂ :-

1. ਕਿ ਸੰਸਥਾ ਵਲੋਂ ਕੁੱਲ ਪ੍ਰਵਾਨਿਤ ਸੀਟਾਂ ਵਿਰੁੱਧ ਸੈਸ਼ਨ 2011/ ਫਰਵਰੀ 2012 ਵਿਚ ਹੇਠ ਦਰਸਾਈਆਂ ਟਰੇਡਾਂ/ ਕੋਰਸਾਂ ਵਿਚ ਦਾਖਲਾ ਕੀਤਾ ਜਾਵੇਗਾ:-

| ਲੜੀਨੰ | ਕੇਂਦਰ ਵਿਚ ਰਾਜ ਸਰਕਾਰ/ ਭਾਰਤ ਸਰਕਾਰ ਵਲੋਂ ਐਫੀਲੇਟਿਡ ਟਰੇਡ/ ਕੋਰਸ | ਕੇਂਦਰ ਵਿਚ ਪ੍ਰਵਾਨਿਤ ਸੀਟਾਂ | ਸੈਸ਼ਨ **ਫਰਵਰੀ 2011** ਵਿਚ ਜਿੰਨੀਆਂ ਸੀਟਾਂ ਲਈ ਦਾਖਲਾ ਕੀਤਾ ਗਿਆ। | | ਹੁਣ ਸੈਸ਼ਨ **ਅਗਸਤ 2011** ਜਿੰਨੀਆਂ ਸੀਟਾਂ ਲਈ ਦਾਖਲਾ ਕੀਤਾ ਗਿਆ। | | ਸੈਸ਼ਨ 2011/ **ਫਰਵਰੀ 2012** ਵਿਚ ਜਿੰਨੀਆਂ ਸੀਟਾਂ ਲਈ ਦਾਖਲਾ ਕੀਤਾ ਜਾਣਾ ਹੈ। | |
|---|---|---|---|---|---|---|---|---|
| | | | ਇਕ ਸਾਲਾ ਟਰੇਡ | ਦੋ ਸਾਲਾ ਟਰੇਡ | ਇਕ ਸਾਲਾ ਟਰੇਡ | ਦੋ ਸਾਲਾ ਟਰੇਡ | ਇਕ ਸਾਲਾ ਟਰੇਡ | ਦੋ ਸਾਲਾ ਟਰੇਡ |
| 1. | 2. | 3. | 4. | 5. | 6. | 7. | 8. | 9. |
| 1. | | | | | | | | |
| 2. | | | | | | | | |
| 3. | | | | | | | | |
| 4. | | | | | | | | |
| 5. | | | | | | | | |

2. ਕਿ ਉਪਰੋਕਤ ਦਰਸਾਏ ਅਨੁਸਾਰ ਕੁੱਲ ਪ੍ਰਵਾਨਿਤ ਸੀਟਾਂ ਵਿਰੁੱਧ ਸੰਸਥਾ ਪਾਸ ਐਫੀਲੇਸ਼ਨ ਹੈ।

3. ਕਿ ਸੰਸਥਾ ਵਿਖੇ ਨਾਰਮਜ਼ ਅਨੁਸਾਰ ਉਪਰੋਕਤ ਟਰੇਡਾਂ ਲਈ ਸਾਰਾ ਸਾਜੋ ਸਮਾਨ, ਮਸ਼ੀਨਰੀ ਸਟਾਫ ਅਤੇ ਬਿਲਡਿੰਗ ਅਦਿ ਉਪਲਬੱਧ ਹੈ।

4. ਕਿ ਸੰਸਥਾ ਨੂੰ ਜਿਸ ਜਗ੍ਹਾ (ਸਿਖਲਾਈ ਦੇਣ ਲਈ ਐਡਰੈਸ/ ਸੰਸਥਾ ਦਾ ਪਤਾ) ਤੇ ਐਫੀਲੇਸ਼ਨ ਪ੍ਰਾਪਤ ਹੋਈ ਹੈ, ਉਥੇ ਹੀ ਸਿਖਿਆਰਥੀਆਂ ਨੂੰ ਸਿਖਲਾਈ ਦੇਣ ਹਿਤ ਦਾਖਲਾ ਕੀਤਾ ਜਾਵੇਗਾ।

5. ਕਿ ਮੇਰੇ ਵਲੋਂ ਸਰਕਾਰੀ ਪ੍ਰਾਸਪੈਕਟਸ ਵਿਚ ਦਿੱਤੇ ਗਏ ਦਾਖਲਾ ਫਾਰਮ ਤੇ ਅਰਜੀਆਂ ਪ੍ਰਾਪਤ ਕੀਤੀਆਂ ਗਈਆਂ ਹਨ ਅਤੇ ਮੈਰਿਟ ਲਿਸ਼ਟਾਂ ਤਿਆਰ ਕਰਕੇ ਮੈਰਿਟ ਲਿਸਟ ਸਮੇਤ ਦਾਖਲਾ ਫਾਰਮ, ਮੈਰਿਟ ਲਿਸ਼ਟਾਂ ਲਗਾਉਣ ਦੀ ਮਿਤੀ ਤੋਂ ਇਕ ਦਿਨ ਪਹਿਲਾਂ ਇੰਟਰਵਿਊ ਕੇਂਦਰ ਦੀ ਸਰਕਾਰੀ ਸੰਸਥਾ ਦੇ ਮੁੱਖੀ (ਭਾਵ ਅਬਜਰਵਰ) ਨੂੰ ਦੇਵਾਂਗਾ।

6. ਕਿ ਜੇਕਰ ਕਿਸੇ ਕਾਰਨ ਵਿਭਾਗ ਵਲੋਂ ਕਿਸੇ ਟਰੇਡ ਦੇ ਦਾਖਲੇ ਤੇ ਕਿਸੇ ਕਾਰਨ ਰੋਕ ਲਗਾਈ ਹੋਈ ਹੈ ਤਾਂ ਉਸ ਟਰੇਡ ਦਾ ਦਾਖਲਾ ਨਹੀਂ ਕੀਤਾ ਜਾਵੇਗਾ।

7. ਕਿ ਦੋ ਸਾਲਾ ਟਰੇਡਾਂ ਵਿਚ ਦਾਖਲਾ ਇਕ ਸਾਲ ਛੱਡ ਕੇ ਕੀਤਾ ਜਾਵੇਗਾ।

8. ਕਿ ਜੇਕਰ ਮੇਰੇ ਵਲੋਂ ਗਲਤ ਬਿਆਨ ਦੇ ਕੇ ਦਾਖਲਾ ਕੀਤਾ ਜਾਂਦਾ ਹੈ ਤਾਂ ਵਿਭਾਗ ਨੂੰ ਦਾਖਲਾ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਜੋ ਕਿ ਮੈਨੂੰ ਪ੍ਰਵਾਨ ਹੋਵੇਗਾ।

ਕੇਂਦਰ ਦੇ ਮੁੱਖੀ ਦੇ ਹਸਤਾਖਰ ਸਮੇਤ ਰਬੜ ਸੀਲ

**<u>ਤਸਦੀਕ:</u>**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵਲੋਂ ਉਪਰਕੋਤ ਦਿੱਤੀ ਸੁਚਨਾ ਹੋਸ਼ੋ-ਹਵਾਸ਼ ਵਿਚ ਦਿੱਤੀ ਗਈ ਹੈ ਜੋ ਕਿ ਸਹੀ ਹੈ, ਜੇਕਰ ਮੈਂ ਝੂਠਾ ਬਿਆਨ ਦੇ ਕੇ ਦਾਖਲਾ ਕਰਦਾ ਹਾਂ ਤਾਂ ਨਿਕਲਣ ਵਾਲੇ ਸਿੱਟਿਆਂ ਦਾ ਖੁਦ ਜਿੰਮੇਵਾਰ ਹੋਵਾਂਗਾ।

ਕੇਂਦਰ ਦੇ ਮੁੱਖੀ ਦੇ ਹਸਤਾਖਰ ਸਮੇਤ ਰਬੜ ਸੀਲ